*Journal of Advances and Scholarly Researches in Allied Education*
*Vol. 19, Issue No. 5, October-2022, ISSN 2230-7540*

# ਬਾਣੀ ਭਗਤ ਰਵਿਦਾਸ: ਸਮਕਾਲੀ ਪ੍ਰਸੰਗਿਕਤਾ

**Dr. Preet Inder Singh***

Department of Punjabi, Assistant Professor, Post Graduate Government College,Sector 46, Chandigarh.

*ਭਗਤ ਰਵਿਦਾਸ ਦਾ ਜਨਮ ਵੀ ਉਸ ਸਮੇਂ ਦੀਆਂ ਧਾਰਮਿਕ ਅਤੇ ਸਮਾਜਿਕ ਪਰਿਸਥਿਤੀਆਂ ਦੀ ਕੁੱਖ ਵਿਚੋਂ ਹੋਇਆ ਤੇ ਉਹ ਮੱਧਕਾਲੀ ਭਗਤੀ ਅੰਦੋਲਨ ਦੇ ਉੱਘੇ ਧਾਰਮਿਕ ਆਗੂ ਬਣੇ ਜਿਨ੍ਹਾਂ ਨੇ ਉੱਤਰੀ ਭਾਰਤ ਵਿੱਚ ਭਗਤੀ ਲਹਿਰ ਦੇ ਵਿਕਾਸ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਉਸ ਸਮੇਂ ਦੀਆਂ ਰੂੜੀਵਾਦੀ ਕੀਮਤਾਂ ਥੱਲੇ ਦੱਬ ਕੇ ਉਹ ਹੀਣ ਭਾਵਨਾ ਵਿੱਚ ਆਪਣੀ ਜ਼ਿੰਦਗੀ ਨਹੀਂ ਸੀ ਗੁਜ਼ਾਰਨਾ ਚਾਹੁੰਦੇ ਕਿਉਂਕਿ ਉਨ੍ਹਾਂ ਦੇ ਅੰਦਰ ਧਰਮ ਤੇ ਗਿਆਨ ਦੀ ਸਿਖਿਆ ਪ੍ਰਾਪਤ ਕਰਨ ਦੀ ਬਹੁਤ ਤਾਂਘ ਸੀ ਇਸੇ ਕਰਕੇ ਸਮਾਜਿਕ ਪਰਿਸਥਿਤੀਆਂ ਦੇ ਬੇਹੱਦ ਟਕਰਾਅ ਦੇ ਬਾਵਜੂਦ ਵੀ ਉਨ੍ਹਾਂ ਨੇ ਇਹ ਸਿਖਿਆ ਗ੍ਰਹਿਣ ਕਰਕੇ ਆਪਣੇ ਮੌਲਿਕ ਅਨੁਭਵ ਵਿਚੋਂ ਕਾਵਿ (ਬਾਣੀ) ਦੀ ਸਿਰਜਣਾ ਕੀਤੀ ਜਿਸ ਵਿੱਚ ਆਪ ਨੇ ਮਨੁੱਖ ਨੂੰ ਕਰਮ ਕਰਦੇ ਰਹਿਣ ਦੀ ਪ੍ਰੇਰਣਾ ਦਿੱਤੀ ਕਿਉਂਕਿ 'ਵਿਹਲਾ ਮਨ ਸੈਤਾਨ ਦਾ ਘਰ' ਹੁੰਦਾ ਹੈ ਪਰ ਕਰਮ ਰਾਹੀਂ ਮਨੁੱਖ ਦੀ ਸੋਚ ਬਦਲ ਜਾਂਦੀ ਹੈ ਤੇ ਕੰਮ ਵਿੱਚ ਬਿਰਤੀ ਲੱਗਣ ਕਾਰਨ ਉਸ ਦੇ ਸਰੀਰ ਵਿੱਚ ਵੀ ਸਹਿਜੇ-ਸਹਿਜੇ ਪਰਿਵਰਤਨ ਆਉਂਦਾ ਹੈ। ਆਪ ਨੇ ਆਪਣੀ ਸਿਆਣਪ ਨਾਲ ਪੱਛੜੇ ਵਰਗ ਦੇ ਲੋਕਾਂ ਵਿੱਚ ਇਕ ਜਨ-ਚੇਤਨਾ ਪੈਦਾ ਕੀਤੀ ਤੇ ਇਕ ਨਵੇਂ ਸਮਾਜ ਦੀ ਰਚਨਾ ਕੀਤੀ। ਆਪਣੀ ਬਾਣੀ ਦੁਆਰਾ ਅਸਮਾਨਤਾ, ਜਾਤ-ਪਾਤ, ਭੇਦ-ਭਾਵ ਤੇ ਛੂਤ-ਛਾਤ  ਦੇ ਖਿਲਾਫ ਜ਼ੋਰਦਾਰ ਆਵਾਜ਼ ਉਠਾਈ ਅਤੇ ਸਮਾਨਤਾ ਦਾ ਉਪਦੇਸ਼ ਦਿੰਦਿਆਂ ਕਿਹਾ ਕਿ ਸਾਰੇ ਮਨੁੱਖਾਂ ਦੀ ਜਾਤ ਇੱਕ ਹੀ ਹੈ, ਜਨਮ ਕਰਕੇ ਕੋਈ ਉੱਚਾ ਨੀਵਾਂ ਨਹੀਂ ਹੁੰਦਾ, ਸਗੋਂ ਮਾੜੇ ਕਰਮਾਂ ਕਰਕੇ ਨੀਵਾਂ ਹੁੰਦਾ। ਭਗਤ ਰਵਿਦਾਸ ਦੀ ਵਿਚਾਰਧਾਰਾ ਸਮਕਾਲੀ ਯੁੱਗ ਦੀਆਂ ਮਾਨਸਿਕ ਤੇ ਬੌਧਿਕ ਰੁਚੀਆਂ ਦੇ ਅਨੁਕੂਲ ਹੈ। ਅੱਜ ਦਾ ਵਿਗਿਆਨਕ ਯੁੱਗ ਜਿਸ ਸ਼੍ਰੇਣੀ ਰਹਿਤ ਸਮਾਜ ਦੀ ਗੱਲ ਕਰਦਾ ਹੈ, ਇਸ ਦਾ ਮੁੱਢ ਭਗਤ ਰਵਿਦਾਸ ਆਪਣੇ ਸਮੇਂ ਵਿੱਚ ਹੀ ਬੰਨ ਚੁਕੇ ਸਨ। ਸਮਕਾਲੀ ਸਮਾਜ ਦੀ ਵਿਗੜੀ ਦਸ਼ਾ ਨੂੰ ਸੁਧਾਰਨ ਲਈ ਆਪ ਨੇ ਸਮਾਜ ਦੀਆਂ ਕੁਰੀਤੀਆਂ ਅਤੇ ਉਨ੍ਹਾਂ ਦੀ ਉਪਜ ਦੇ ਖਾਤਮੇ ਲਈ ਅਤੇ ਮਨੁੱਖਤਾ ਦੇ ਕਲਿਆਣ ਲਈ ਮਾਨਸਿਕ ਚੇਤੰਨਤਾ ਦਾ ਮਾਰਗ ਪ੍ਰਦਾਨ ਕੀਤਾ। ਇਹ ਮਾਰਗ 'ਬੇਗਮਪੁਰਾ ਸ਼ਹਿਰ' ਨੂੰ ਜਾਂਦਾ ਹੈ, ਜਿਥੇ ਹਰ ਮਨੁੱਖ ਵਿਸ਼ੇ ਵਿਕਾਰਾਂ, ਬੰਧਨਾਂ ਤੇ ਹਉਮੈ ਆਦਿ ਨੂੰ ਤਮ ਕਰਕੇ ਬੰਧਨ ਮੁਕਤ ਹੋ ਜਾਂਦਾ ਹੈ। ਭਗਤੀ ਦੇ ਬਲ 'ਤੇ ਆਪ ਜਦੋਂ ਅਧਿਆਤਮਿਕ ਸਿਖਰ 'ਤੇ ਪਹੁੰਚਦੇ ਹਨ, ਤਾਂ ਉਸ ਸਥਾਨ ਅਥਵਾ ਵਾਤਾਵਰਣ ਨੂੰ 'ਬੇਗਮਪੁਰਾ' ਦਾ ਨਾਂ ਦਿੰਦੇ ਹਨ ਜਿਥੇ ਕੋਈ ਵੀ ਗਮ, ਚਿੰਤਾ, ਦੁੱਖ, ਡਰ ਤੇ ਘਬਰਾਹਟ ਨਹੀਂ ਹੁੰਦੀ ਅਤੇ ਨਾ ਹੀ ਇਥੇ ਨਿੱਜੀ ਜਾਇਦਾਦ ਉਪਰ ਟੈਕਸ ਲੱਗਣ ਦਾ ਡਰ ਹੈ। ਇਥੇ ਕਿਸੇ ਗਲਤ ਕੰਮ ਜਾਂ ਪਾਪ ਦਾ ਖਤਰਾ ਨਹੀਂ।*

---------------------------------X---------------------------------

ਹਰੇਕ ਵਿਅਕਤੀ ਕੁਝ ਵਿਰਸੇਗਤ ਭਾਵਨਾਵਾਂ ਅਧੀਨ ਵਿਚਰਦਾ ਹੈ, ਉਸ ਦੀਆਂ ਸਮਕਾਲੀ ਸਮਾਜਿਕ ਪਰਿਸਥਿਤੀਆਂ ਪ੍ਰਤੀ ਕੁਝ ਅਸੰਤੁਸ਼ਟੀਆਂ ਹੁੰਦੀਆਂ ਹਨ। ਕ੍ਰਿਆ ਪ੍ਰਤੀਕਿਰਿਆ ਦੀ ਕਾਰਜਸ਼ੀਲਤਾ ਵਿੱਚ ਨਵੇਂ ਮਾਪਦੰਡ, ਨਵੀਂ ਵਿਚਾਰਧਾਰਾ, ਨਵੇਂ ਸਮਾਜਕ ਨਿਯਮ ਅਤੇ ਨਵੀਂਆਂ ਪਰਿਸਥਿਤੀਆਂ ਉਪਜਦੀਆਂ ਰਹਿੰਦੀਆਂ ਹਨ। ਇਸੇ ਲਈ ਵਿਦਵਾਨਾਂ ਮੰਨਣਾ ਹੈ ਕਿ ਸਾਹਿਤ ਸਮਾਜ ਦਾ ਪ੍ਰਤੀ ਬਿੰਬ ਹੁੰਦਾ ਹੈ। ਜੇ ਕਿਸੇ ਵੀ ਇਤਿਹਾਸਕ ਕਾਲ ਦੇ ਸਮਾਜ ਨੂੰ ਸਮਝਣਾ ਹੋਵੇ ਤਾਂ ਉਸ ਦੇ ਸਾਹਿਤ ਤੋਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿਉਂਕਿ ਸਾਹਿਤ ਉਨ੍ਹਾਂ ਸਮੁੱਚੀਆਂ ਭਾਵਨਾਵਾਂ ਦਾ ਪ੍ਰਤੀਬਿੰਬ ਹੁੰਦਾ ਹੈ ਜਿਹੜੀਆਂ ਕਿਸੇ ਵਿਸ਼ੇਸ਼ ਸਮੇਂ ਦੇ ਸਮਾਜ ਨੇ ਮਹਿਸੂਸ ਕੀਤੀਆਂ ਹੁੰਦੀਆਂ ਹਨ। ਇਸੇ ਕਰਕੇ ਰੂਸੀ ਲੇਖਕ ਗੋਰਕੀ ਨੇ ਸਾਹਿਤ ਦੀ ਪਰਿਭਾਸ਼ਾ ਕਰਦੇ ਹੋਏ ਲਿਖਿਆ ਹੈ, "ਸਾਹਿਤ ਦੁਨੀਆਂ ਦਾ ਦਿਲ ਹੈ।"[1] ਇਹੀ ਵਿਚਾਰ ਗੁਰਦਿਆਲ ਸਿੰਘ ਫੁੱਲ ਦੇ ਵੀ ਹਨ ਕਿ, "ਸਾਹਿਤ ਜੀਵਨ ਦੀ ਸ਼ਾਬਦਿਕ ਤਸਵੀਰ ਹੀ ਨਹੀਂ ਸਗੋਂ ਜੀਵਨ ਦਾ ਪ੍ਰਤੀਕਰਮ ਹੈ।"[2] ਇਸ ਸੰਦਰਭ ਵਿੱਚ ਮੱਧ ਕਾਲੀਨ ਭਗਤੀ ਲਹਿਰ ਦਾ ਸਾਹਿਤ ਵੀ ਸ਼ਿਦਤ ਨਾਲ ਆਪਣੇ ਸਮਕਾਲੀ ਸਮਾਜ ਦੀ ਵਾਸਤਵਿਕ ਤਸਵੀਰ ਪੇਸ਼ ਕਰਦਾ ਹੈ। "ਭਗਤੀ ਲਹਿਰ ਸਾਂਸਕ੍ਰਿਤਿਕ ਚੇਤਨਾ ਦੀ ਲਹਿਰ ਸੀ ਜਿਸ ਵਿੱਚ ਧਾਰਮਿਕ ਤੇ ਸਮਾਜਿਕ ਪ੍ਰਗਤੀ ਦੀ ਭਾਵਨਾ ਰਲੀ ਮਿਲੀ ਸੀ, ਇਸ ਨੇ ਸਮੁੱਚੇ ਭਾਰਤ ਨੂੰ ਪ੍ਰਭਾਵਿਤ ਕੀਤਾ।"[3]

ਭਗਤ ਰਵਿਦਾਸ ਦਾ ਜਨਮ ਵੀ ਉਸ ਸਮੇਂ ਦੀਆਂ ਧਾਰਮਿਕ ਅਤੇ ਸਮਾਜਿਕ ਪਰਿਸਥਿਤੀਆਂ ਦੀ ਕੁੱਖ ਵਿਚੋਂ ਹੋਇਆ ਤੇ ਉਹ ਮੱਧਕਾਲੀ ਭਗਤੀ ਅੰਦੋਲਨ ਦੇ ਉੱਘੇ ਧਾਰਮਿਕ ਆਗੂ ਬਣੇ ਜਿਨ੍ਹਾਂ ਨੇ ਉੱਤਰੀ ਭਾਰਤ ਵਿੱਚ ਭਗਤੀ ਲਹਿਰ ਦੇ ਵਿਕਾਸ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। "ਆਪ ਦੇ ਨਾਂ ਦੇ ਕਈ ਰੂਪ ਪ੍ਰਚਲਿਤ ਹਨ ਜਿਵੇਂ ਰੈਦਾਸ, ਰਯਦਾਸ, ਰੁਇਦਾਸ, ਰੋਹਿਦਾਸ ਤੇ ਰਹਦਾਸ ਆਦਿ ਪਰ ਇਹ ਮੂਲ ਨਾਂ 'ਰਵਿਦਾਸ' ਦੇ ਹੀ ਸਥਾਨ-ਭੇਦ ਅਤੇ ਵਿਸ਼ੇਸ਼ ਖੇਤਰੀ ਉਚਾਰਣ ਕਾਰਣ ਵਿਗੜੇ ਹੋਏ ਹਨ।"[4] "ਭਗਤ ਸ਼ੰਰਿਖਲਾ ਵਿੱਚ ਉਨ੍ਹਾਂ ਦਾ ਨਾਮ ਕਬੀਰ, ਨਾਮਦੇਵ, ਤਿਰਲੋਚਨ, ਸਾਧਨਾ ਤੇ ਸੈਣ ਨਾਲ ਲਿਆ ਜਾਂਦਾ ਹੈ। ਇਨ੍ਹਾਂ ਸਾਰਿਆਂ ਦੀ ਬਾਣੀ ਵਾਂਗ ਹੀ ਭਗਤ ਰਵਿਦਾਸ ਦੀ ਬਾਣੀ ਵੀ ਸਮਕਾਲ ਵਿੱਚ ਸੰਪਾਦਿਤ ਕੀਤੇ ਗਏ ਸ਼ਿਰੋਮਣੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਆਪਦੇ 16 ਰਾਗਾਂ ਵਿੱਚ 40 ਸ਼ਬਦ/ਪਦੇ ਦਰਜ ਹਨ।"[5] ਭਗਤ ਰਵਿਦਾਸ ਦੇ ਜੀਵਨ ਵੇਰਵਿਆਂ ਬਾਰੇ ਪ੍ਰਮਾਣਿਕ ਤੱਥਾਂ ਦੀ ਘਾਟ ਹੈ ਪਰ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਦੇ ਹਵਾਲਿਆਂ ਤੋਂ ਇਹ ਸਪਸ਼ਟ ਹੈ ਕਿ ਆਪ ਦਾ ਜਨਮ ਬਨਾਰਸ ਵਿੱਚ ਕਥਿਤ ਪਛੜੀ ਹੋਈ ਜਾਤ 'ਚਮਾਰ' ਵਿੱਚ ਹੋਇਆ ਤੇ ਉਨ੍ਹਾਂ ਨੇ ਪਿਤਾ ਪੁਰਖੀ ਕਿੱਤਾ ਕਰਦੇ ਹੋਏ ਆਪਣਾ ਜੀਵਨ ਨਿਰਬਾਹ ਕੀਤਾ। ਆਪ ਨੇ ਬਾਣੀ ਵਿੱਚ ਲਿਖਿਆ ਹੈ :

www.ignited.in

ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮ ਹਮਾਰਾ॥

ਤੁਮ ਸਰਨਾਗਤ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥[6]

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥[7]

ਬਨਾਰਸ ਸ਼ਹਿਰ ਸਨਾਤਨੀ ਬ੍ਰਾਹਮਣੀ ਧਰਮ ਦਾ ਕੇਂਦਰ ਸੀ ਇਸੇ ਕਰਕੇ ਉਥੇ ਬ੍ਰਾਹਮਣ ਜਾਤ ਦੇ ਲੋਕਾਂ ਦੀ ਪ੍ਰਭੁਤਾ ਬਣੀ ਹੋਈ ਸੀ। ਇਹ ਲੋਕ ਧਰਮ ਤੇ ਗਿਆਨ ਉੱਤੇ ਆਪਣਾ ਜੱਦੀ ਅਧਿਕਾਰ ਜਮਾਈ ਬੈਠੇ ਸਨ। ਭਗਤ ਰਵਿਦਾਸ ਬਚਪਨ ਤੋਂ ਹੀ ਉਚ-ਨੀਚ, ਜਾਤ-ਪਾਤ ਤੇ ਛੂਤ-ਛਾਤ ਦੇ ਭੇਦ ਭਾਵ ਨੂੰ ਦੇਖ ਰਹੇ ਸੀ ਕਿ ਕਿਸ ਤਰ੍ਹਾਂ ਨੀਵੀਂ ਜਾਤ ਵਾਲਿਆਂ ਨੂੰ ਕਰਮ ਕਾਂਡ ਤੇ ਪਾਖੰਡ ਕਰਕੇ ਧਰਮ ਤੇ ਸਿਖਿਆ ਆਦਿ ਅਧਿਕਾਰਾਂ ਤੋਂ ਵੰਚਿਤ ਰੱਖਿਆ ਜਾ ਰਿਹਾ ਸੀ ਭਾਵ ਮਾਨਵਤਾ ਨੂੰ ਪੈਰਾਂ ਥੱਲੇ ਕੁਚਲਿਆ ਜਾ ਰਿਹਾ ਸੀ। ਪੱਛੜੀ ਸ਼੍ਰੇਣੀ ਧਰਮ ਤੇ ਸਿਖਿਆ ਤੋਂ ਵੀ ਵਾਂਝੀ ਰਹਿ ਜਾਂਦੀ ਸੀ। ਭਗਤ ਰਵਿਦਾਸ ਆਪਣੇ ਆਲੇ ਦੁਆਲੇ ਨੂੰ ਪਸੰਦ ਨਹੀਂ ਸੀ ਕਰਦੇ ਪਰ ਉਸ ਸਮੇਂ ਦੀਆਂ ਰੂੜੀਵਾਦੀ ਕੀਮਤਾਂ ਥੱਲੇ ਦੱਬ ਕੇ ਉਹ ਹੀਣ ਭਾਵਨਾ ਵਿੱਚ ਆਪਣੀ ਜ਼ਿੰਦਗੀ ਨਹੀਂ ਸੀ ਗੁਜ਼ਾਰਨਾ ਚਾਹੁੰਦੇ ਕਿਉਂਕਿ ਉਨ੍ਹਾਂ ਦੇ ਅੰਦਰ ਧਰਮ ਤੇ ਗਿਆਨ ਦੀ ਸਿਖਿਆ ਪ੍ਰਾਪਤ ਕਰਨ ਦੀ ਬਹੁਤ ਤਾਂਘ ਸੀ ਇਸੇ ਕਰਕੇ ਸਮਾਜਿਕ ਪਰਿਸਥਿਤੀਆਂ ਦੇ ਬੇਹੱਦ ਟਕਰਾਅ ਦੇ ਬਾਵਜੂਦ ਵੀ ਉਨ੍ਹਾਂ ਨੇ ਇਹ ਸਿਖਿਆ ਗ੍ਰਹਿਣ ਕਰਕੇ ਆਪਣੇ ਮੌਲਿਕ ਅਨੁਭਵ ਵਿਚੋਂ ਕਾਵਿ (ਬਾਣੀ) ਦੀ ਸਿਰਜਣਾ ਕੀਤੀ ਜਿਸ ਵਿੱਚ ਆਪ ਨੇ ਮਨੁੱਖ ਨੂੰ ਕਰਮ ਕਰਦੇ ਰਹਿਣ ਦੀ ਪ੍ਰੇਰਣਾ ਦਿੱਤੀ ਕਿਉਂਕਿ 'ਵਿਹਲਾ ਮਨ ਸ਼ੈਤਾਨ ਦਾ ਘਰ' ਹੁੰਦਾ ਹੈ ਪਰ ਕਰਮ ਰਾਹੀਂ ਮਨੁੱਖ ਦੀ ਸੋਚ ਬਦਲ ਜਾਂਦੀ ਹੈ ਤੇ ਕੰਮ ਵਿੱਚ ਬਿਰਤੀ ਲੱਗਣ ਕਾਰਨ ਉਸ ਦੇ ਸਰੀਰ ਵਿੱਚ ਵੀ ਸਹਿਜੇ-ਸਹਿਜੇ ਪਰਿਵਰਤਨ ਆਉਂਦਾ ਹੈ "ਸਹਜੇ ਹੋਈ ਸੁ ਹੋਈ" (ਗੁਰੂ ਗ੍ਰੰਥ ਸਾਹਿਬ, ਪੰਨਾ-658)। ਆਪ ਨੇ ਆਪਣੀ ਸਿਆਣਪ ਨਾਲ ਪੱਛੜੇ ਵਰਗ ਦੇ ਲੋਕਾਂ ਨੂੰ ਨਵੀਂ ਜ਼ਿੰਦਗੀ ਦਿੱਤੀ ਉਨ੍ਹਾਂ ਵਿੱਚ ਇਕ ਜਨ-ਚੇਤਨਾ ਪੈਦਾ ਕੀਤੀ ਤੇ ਇਕ ਨਵੇਂ ਸਮਾਜ ਦੀ ਰਚਨਾ ਕੀਤੀ। ਆਪਣੀ ਬਾਣੀ ਦੁਆਰਾ ਅਸਮਾਨਤਾ, ਜਾਤ-ਪਾਤ, ਭੇਦ-ਭਾਵ ਤੇ ਛੂਤ-ਛਾਤ ਦੇ ਖਿਲਾਫ ਜ਼ੋਰਦਾਰ ਆਵਾਜ਼ ਉਠਾਈ ਅਤੇ ਸਮਾਨਤਾ ਦਾ ਉਪਦੇਸ਼ ਦਿੰਦਿਆਂ ਕਿਹਾ ਕਿ ਸਾਰੇ ਮਨੁੱਖਾਂ ਦੀ ਜਾਤ ਇੱਕ ਹੀ ਹੈ, ਜਨਮ ਕਰਕੇ ਕੋਈ ਉੱਚਾ ਨੀਵਾਂ ਨਹੀਂ ਹੁੰਦਾ, ਸਗੋਂ ਮਾੜੇ ਕਰਮਾਂ ਕਰਕੇ ਨੀਵਾਂ ਹੁੰਦਾ ਹੈ। ਪ੍ਰਿਥਵੀ ਸਿੰਘ ਆਜ਼ਾਦ ਦੇ ਵਿਚਾਰ ਅਨੁਸਾਰ, "ਸੰਤ ਰਵਿਦਾਸ ਚੇਤਨਾ ਦੀ ਇਕ ਚੰਗਿਆਰੀ ਸੀ ਜਿਸ ਨੇ ਅੰਤ ਇਕ ਅਜਿਹੀ ਅਗਨੀ ਪ੍ਰਚੰਡ ਕੀਤੀ ਜੋ ਉਸ ਸਮੇਂ ਦੀਆਂ ਸਾਰੀਆਂ ਬੁਰਾਈਆਂ ਤੇ ਸਮਾਜਿਕ ਕੁਰੀਤੀਆਂ ਨੂੰ ਸਾੜ ਕੇ ਇਕ ਅਜਿਹੀ ਪ੍ਰਕਾਸ਼ ਆਪਣੇ ਪਿੱਛੇ ਛੱਡ ਗਈ, ਜੋ ਅੱਜ ਵੀ ਅਨੇਕਾਂ ਪ੍ਰਾਣੀਆਂ ਨੂੰ ਰੋਸ਼ਨੀ ਪ੍ਰਦਾਨ ਕਰਨਾ ਵਾਲਾ ਹੈ।"[8]

ਭਗਤ ਰਵਿਦਾਸ ਦੀ ਵਿਚਾਰਧਾਰਾ ਅਧੁਨਿਕ ਯੁੱਗ ਦੀਆਂ ਮਾਨਸਿਕ ਤੇ ਬੌਧਿਕ ਰੁਚੀਆਂ ਦੇ ਅਨੁਕੂਲ ਹੈ। ਨਿਰਸੰਦੇਹ ਅੱਜ ਦਾ ਯੁੱਗ ਪਦਾਰਥ ਦਾ ਯੁੱਗ ਹੈ ਫਿਰ ਵੀ ਅਧਿਆਤਮਿਕ ਕਦਰਾਂ-ਕੀਮਤਾਂ ਅਜੇ ਪੂਰੀ ਤਰ੍ਹਾਂ ਨਸ਼ਟ ਨਹੀਂ ਹੋਈਆਂ, ਨਾ ਹੀ ਇਹ ਕਦੇ ਨਸ਼ਟ ਹੋਣਗੀਆਂ ਪਰ ਇਹ ਵੀ ਸਚਾਈ ਹੈ ਕਿ ਜਿਉਂ-ਜਿਉਂ ਮਨੁੱਖ ਪਦਾਰਥਕ ਤਰੱਕੀ ਕਰਦਾ ਜਾ ਰਿਹਾ ਹੈ, ਆਤਮਿਕ ਤੌਰ ਤੇ ਪੱਛੜਦਾ ਜ਼ਰੂਰ ਜਾ ਰਿਹਾ ਹੈ। ਅੱਜ ਦਾ ਵਿਗਿਆਨਕ ਯੁੱਗ ਜਿਸ ਸ਼੍ਰੇਣੀ ਰਹਿਤ ਸਮਾਜ ਦੀ ਗੱਲ ਕਰਦਾ ਹੈ, ਇਸ ਦਾ ਮੁੱਢ ਭਗਤ ਰਵਿਦਾਸ ਆਪਣੇ ਸਮੇਂ ਵਿੱਚ ਹੀ ਬੰਨ ਚੁਕੇ ਸਨ। ਸਮਕਾਲੀ ਸਮਾਜ ਦੀ ਵਿਗੜੀ ਦਸ਼ਾ ਨੂੰ ਸੁਧਾਰਨ ਲਈ ਆਪ ਨੇ ਸਮਾਜ ਦੀਆਂ ਕੁਰੀਤੀਆਂ ਅਤੇ ਉਨ੍ਹਾਂ ਦੀ ਉਪਜ ਦੇ ਖਾਤਮੇ ਲਈ ਅਤੇ ਮਨੁੱਖਤਾ ਦੇ ਕਲਿਆਣ ਲਈ ਮਾਨਸਿਕ ਚੇਤੰਨਤਾ ਦਾ ਮਾਰਗ ਪ੍ਰਦਾਨ ਕੀਤਾ। ਇਹ ਮਾਰਗ 'ਬੇਗਮਪੁਰਾ ਸ਼ਹਿਰ' ਨੂੰ ਜਾਂਦਾ ਹੈ, ਜਿਥੇ ਹਰ ਮਨੁੱਖ ਵਿਸ਼ੇ ਵਿਕਾਰਾਂ, ਬੰਧਨਾਂ ਤੇ ਹਉਮੈ ਆਦਿ ਨੂੰ ਤਮ ਕਰਕੇ ਬੰਧਨ ਮੁਕਤ ਹੋ ਜਾਂਦਾ ਹੈ:

ਬੇਗਮਪੁਰਾ ਸਹਰ ਕੋ ਨਾਉ।

ਦੂਖੁ ਅੰਦੋਹ ਨਹੀ ਤਿਹਿ ਠਾਉ।

ਨਾ ਤਸਵੀਸ ਖਿਰਾਜੁ ਨ ਮਾਲੁ।

ਖਉਫੁ ਨ ਖਤਾ ਨ ਤਰਸੁ ਜਵਾਲੁ।

ਅਬ ਮੋਹਿ ਖੂਬ ਵਤਨ ਗਹ ਪਾਈ।

ਊਹਾਂ ਖੈਰਿ ਸਦਾ ਮੇਰੇ ਭਾਈ।[9]

ਉਪਰੋਕਤ ਸ਼ਬਦ ਦੀ ਦ੍ਰਿਸ਼ਟੀ ਅਧਿਆਤਮਿਕ ਧਰਾਤਲ ਦੇ ਪਿਛੋਕੜ ਵਿਚ ਵਿਚਰਦੀ ਹੈ। ਭਗਤੀ ਦੇ ਬਲ 'ਤੇ ਆਪ ਜਦੋਂ ਅਧਿਆਤਮਿਕ ਸਿਖਰ 'ਤੇ ਪਹੁੰਚਦੇ ਹਨ, ਤਾਂ ਉਸ ਸਥਾਨ ਅਥਵਾ ਵਾਤਾਵਰਣ ਨੂੰ 'ਬੇਗਮਪੁਰਾ' ਦਾ ਨਾਂ ਦਿੰਦੇ ਹਨ ਜਿਥੇ ਕੋਈ ਵੀ ਗਮ, ਚਿੰਤਾ, ਦੁੱਖ, ਡਰ ਤੇ ਘਬਰਾਹਟ ਨਹੀਂ ਹੁੰਦੀ ਅਤੇ ਨਾ ਹੀ ਇਥੇ ਨਿੱਜੀ ਜਾਇਦਾਦ ਉਪਰ ਟੈਕਸ ਲੱਗਣ ਦਾ ਡਰ ਹੈ। ਇਥੇ ਕਿਸੇ ਗਲਤ ਕੰਮ ਜਾਂ ਪਾਪ ਦਾ ਖਤਰਾ ਨਹੀਂ। "ਇਹ ਅਵਸਥਾ ਡਰ ਰਹਿਤ ਅਤੇ ਗਿਰਾਵਟਹੀਣ ਹੈ, ਇਥੇ ਦੂਜੇ ਦਰਜੇ ਦਾ ਵਿਤਕਰਾ ਨਹੀਂ, ਸਾਰੇ ਪਾਸੇ ਸੰਤੁਸ਼ਟੀ ਹੈ ਤੇ ਇਹ ਅਵਸਥਾ ਸਦਾ ਸਥਿਰ ਰਹਿਣ ਵਾਲੀ ਹੈ ਅਤੇ ਆਪ ਐਲਾਨ ਕਰਦੇ ਹਨ ਕਿ ਇਸ ਬੰਧਨ ਮੁਕਤ ਆਜ਼ਾਦ ਅਵਸਥਾ ਵਿੱਚ ਪਹੁੰਚੇ ਹੋਏ ਲੋਕ ਹੀ ਮੇਰੇ ਇਸ ਸ਼ਹਿਰ ਦੇ ਵਾਸੀ ਹਨ ਅਤੇ ਮੇਰੇ ਮਿੱਤਰ ਹਨ।"[10] 'ਬੇਗਮਪੁਰਾ' ਸ਼ਹਿਰ ਦੀ ਰੂਪ ਰੇਖਾ ਕਲਪਿਤ ਹੁੰਦੇ ਹੋਏ ਵੀ ਅਤਿਅੰਤ ਹੀ ਵਿਵੇਕਪੂਰਨ ਹੈ। ਪ੍ਰਭੂ ਪਿਆਰ ਵਿੱਚ ਲੀਨ ਆਤਮਾ ਨੇ ਬੜੇ ਹੀ ਸਹਿਜ ਰੂਪ ਵਿੱਚ ਇਕ ਅਜਿਹੇ ਸ਼ਹਿਰ ਦਾ ਮਾਡਲ ਸਿਰਜ ਦਿੱਤਾ ਹੈ ਜਿਸ ਦੀ ਤਲਾਸ਼ ਹੀ ਮਨੁੱਖ ਦੀ ਮੂਲ ਪ੍ਰਾਪਤੀ ਬਣੀ ਹੋਈ ਹੈ। ਇਸ ਸ਼ਬਦ ਵਿੱਚ ਰਜੋ, ਸਤੋ, ਤਮੋ ਤੋਂ ਪਰੇ ਦੀ ਬ੍ਰਹਮ ਅਵਸਥਾ, ਤੁਰੀਆ ਅਵਸਥਾ ਜਾਂ ਜੀਵਨ ਮੁਕਤੀ ਦਾ ਸੰਕਲਪ ਪ੍ਰਸਤੁਤ ਕੀਤਾ ਹੈ ਕਿਉਂਕਿ ਜੇਕਰ ਮਨੁੱਖ ਆਪਣੇ ਚੌਗਿਰਦੇ ਦੇ ਬੰਧਨ ਤੋਂ ਮੁਕਤ ਨਹੀਂ ਤਾਂ ਉਹ ਪਰਮ ਮੁਕਤੀ ਦੀ ਪ੍ਰਾਪਤੀ ਨਹੀਂ ਕਰ ਸਕਦਾ। ਭਗਤ ਰਵਿਦਾਸ ਨੇ ਮਨੁੱਖ ਦੀ ਜੀਵਨ-ਮੁਕਤੀ ਲਈ ਉਸ 'ਸਗਲ ਭਵਨ ਦਾ ਨਾਇਕ' ਅਤੇ 'ਅੰਤਰਜਾਮੀ' ਪਰਮਾਤਮਾ ਦੀ ਪ੍ਰੇਮ ਭਗਤੀ ਨੂੰ ਹੀ ਆਧਾਰ ਮੰਨਿਆ ਹੈ ਅਤੇ ਪਰਮਾਤਮਾ ਨੂੰ ਸਭ ਤੋਂ ਨੇੜੇ ਮਹਿਸੂਸ ਕਰਦੇ ਹੋਇਆ, ਪਰਮਾਤਮਾ ਨਾਲ ਸੰਬੰਧ ਜੁੜਨ ਦੇ ਅਨੁਭਵ ਦਾ ਪ੍ਰਗਟਾਵਾ ਇਸ ਤਰ੍ਹਾਂ ਕੀਤਾ ਹੈ :

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥

ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥[11]

ਹਮ ਪ੍ਰੇਮ ਬੰਧਨਿ ਤੁਮ ਬਾਧੇ॥[12]

ਪਰਮਾਤਮਾ ਦੀ ਪ੍ਰੇਮਾ ਭਗਤੀ ਕਾਰਨ ਉਨ੍ਹਾਂ ਦੇ ਵਿਅਕਤੀਤਵ ਵਿੱਚ ਜੋ ਕ੍ਰਾਂਤੀਕਾਰੀ ਪਰਿਵਰਤਨ ਹੋਇਆ, ਉਹੀ ਉਨ੍ਹਾਂ ਨੇ ਆਪਣੀ ਸਵੈ-ਅਨੁਭੂਤੀ ਦੁਆਰਾ ਪ੍ਰਗਟ ਕੀਤਾ। ਪਰਮਾਤਮਾ ਨਾਲ ਆਪਣੇ ਅਦ੍ਵੈਤ

ਸੰਬੰਧਾਂ ਨੂੰ ਉਹ ਸੋਨੇ ਅਤੇ ਕੜੇ, ਜਲ ਅਤੇ ਤਰੰਗ ਦੇ ਉਪਮਾਨਾਂ ਰਾਹੀਂ ਦਰਸਾਉਂਦੇ ਹਨ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।

ਕਨਕ ਕਟਿਕ ਜਲ ਤਰੰਗ ਜੈਸਾ॥ [13]

ਭਗਤ ਰਵਿਦਾਸ ਨੇ ਅਜਿਹੀ ਪ੍ਰੀਤ ਪਰਮਾਤਮਾ ਨਾਲ ਜੋੜੀ ਤੇ ਆਪਣੀ ਬਾਣੀ ਨਾਲ ਜਿਗਿਆਸੂਆਂ ਨੂੰ ਅਜਿਹਾ ਕੀਲਿਆ ਕਿ ਉਨ੍ਹਾਂ ਦੇ ਜੀਵਨ ਦੇ ਸਮਾਜਿਕ ਤੇ ਧਾਰਮਿਕ ਵਿਵਹਾਰ ਨੂੰ ਹੀ ਬਦਲ ਦਿੱਤਾ। "ਨੀਚਹੁ ਉਚ ਕਰੇ ਮੇਰਾ ਗੋਬਿੰਦ" ਸ਼ਬਦ ਉਚਾਰਦਿਆਂ ਕਿਹਾ ਕਿ ਮੇਰੇ ਜਿਹੇ ਨੀਚ ਚਮਾਰ ਨੂੰ ਜਿਹੜੇ ਕਾਂਸੀ ਦੇ ਬ੍ਰਾਹਮਣ ਸ਼ੂਦਰ ਕਹਿ ਕੇ ਤ੍ਰਿਸਕਾਰਦੇ ਸੀ, ਉਹੀ ਹੁਣ ਡੰਡੋਤ (ਨਮਸਕਾਰ) ਕਰਦੇ ਹਨ :

ਮੇਰੀ ਜਾਤਿ ਕੁਟਬਾਢਲਾ ਢੋਰ ਢੁਵੰਤਾ ਨਿਤਹਿ ਬਾਨਾਰਸੀ ਆਸ ਪਾਸਾ।

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥ [14]

ਆਪ ਦੀ ਬਾਣੀ ਵਿਚ ਇਸੇ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਨੀਚ ਜਾਤ ਤੇ ਅਣਪੜ੍ਹ ਹੁੰਦਿਆਂ ਹੋਇਆ ਵੀ ਆਪਣੀ ਸਾਧਨਾ ਤੇ ਬਿਬੇਕ ਬੁੱਧੀ ਜਾਂ ਗਿਆਨ ਨਾਲ, ਮਨੁੱਖ ਆਪਣੇ ਅੰਦਰਲੇ ਵਿਕਾਰਾਂ ਤੋਂ ਮੁਕਤੀ ਪ੍ਰਾਪਤ ਕਰਕੇ ਪਰਮਾਤਮਾ ਦੇ ਨੇੜੇ ਹੋ ਸਕਦਾ ਹੈ ਕਿਉਂਕਿ ਚੁਰਾਸੀ ਲੱਖ ਜੂਨਾ ਵਿਚੋਂ ਮਨੁੱਖ ਹੀ ਅਜਿਹਾ ਜੀਵ ਹੈ ਜੋ ਆਪਣੀ ਬਿਬੇਕ ਬੁੱਧੀ, ਸੁਚੱਜੀ ਮੱਤ ਅਤੇ ਉੱਚ ਗਿਆਨ ਰਾਹੀਂ ਪਰਮਾਤਮਾ ਨਾਲ ਅਭਦੇਤਾ ਪ੍ਰਾਪਤ ਕਰ ਸਕਦਾ ਹੈ। ਪਰ ਮਨੁੱਖ ਲੋਭ, ਲਾਲਚ, ਈਰਖਾ ਤੇ ਹੰਕਾਰ ਤੇ ਇੰਦਰੀ ਸੁੱਖ ਜਿਹੇ ਵਿਕਾਰਾਂ ਵਿਚ ਫਸ ਕੇ ਰਸਾਂ-ਕਸਾਂ ਅਧੀਨ ਪਾਪ ਕਰਮ ਦੇ ਬੰਧਨ ਵਿੱਚ ਮਸਤ ਹੋ ਕੇ ਪਰਮਾਤਮਾ ਤੋਂ ਵਿਛੜ ਜਾਂਦਾ ਹੈ। ਰਵਿਦਾਸ ਕਹਿੰਦੇ ਹਨ ਕਿ ਮਨੁੱਖ ਨੇ ਅਗਿਆਨ ਨਾਲ ਪ੍ਰੇਮ ਲਗਾ ਲਿਆ ਅਤੇ ਉਸ ਦਾ ਵਿਚਾਰ ਰੂਪੀ ਦੀਵਾ ਮੈਲਾ ਹੋ ਗਿਆ, ਪਿਛਲੇ ਕੀਤੇ ਸ਼ੁਭ ਕਰਮਾਂ ਕਾਰਨ ਜੋ ਦੁਰਲਭ ਮਨੁੱਖਾ ਜਨਮ ਮਿਲਿਆ ਸੀ ਉਹ ਅਗਿਆਨ ਵਸ ਅਜਾਈਂ ਗਵਾ ਲਿਆ :

ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥ [15]

ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੇ॥

............................................................

ਇੰਦਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ॥ [16]

ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ। [17]

ਬਿਬੇਕ ਸ਼ਕਤੀ ਦੇ ਮਲੀਨ ਹੋਣ ਨਾਲ ਮਨੁੱਖ ਪਾਪ ਪੁੰਨ ਦਾ ਨਿਰਣਾ ਨਹੀਂ ਕਰ ਸਕਦਾ ਅਤੇ ਇੱਛਾਵਾਂ ਦਾ ਗੁਲਾਮ ਬਣ ਜਾਂਦਾ ਹੈ ਤੇ ਮਨ ਦੇ ਪਿੱਛੇ ਲਗ ਕੇ, ਮੋਹ ਮਾਇਆ ਦੇ ਚੱਕਰ ਵਿੱਚ ਪੈ ਕੇ ਜੀਵ ਰੂਪੀ ਮਿੱਟੀ ਦਾ ਪੁਤਲਾ ਅਜੀਬ ਨਾਚ ਨੱਚਦਾ ਰਹਿੰਦਾ ਹੈ ਤੇ ਜਦੋਂ ਕੋਈ ਪ੍ਰਾਪਤ ਕਰ ਲੈਂਦਾ ਹੈ ਤਾਂ ਹੰਕਾਰ ਵਿੱਚ ਨਚਦਾ ਟੱਪਦਾ ਹੈ ਤੇ ਖੁਸ਼ ਹੁੰਦਾ ਹੈ, ਜੇ ਨੁਕਸਾਨ ਹੋ ਜਾਵੇ ਤਾਂ ਰੋਂਦਾ ਕੁਰਲਾਂਦਾ ਹੈ। ਰਵਿਦਾਸ ਦਾ ਕਥਨ ਹੈ:

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ।

ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ।

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ।

ਮਾਇਆ ਗਈ ਤਬ ਰੋਵਨੁ ਲਗਤੁ ਹੈ। [18]

ਭਗਤ ਰਵਿਦਾਸ ਦਸਦੇ ਹਨ ਕਿ ਦੁਨੀਆਂ ਵਿੱਚ ਬਹੁ ਗਿਣਤੀ ਅਜਿਹੇ ਮਨੁੱਖਾਂ ਦੀ ਹੈ ਜੋ ਜੀਵਨ ਮਨੋਰਥ ਨੂੰ ਸਮਝਦਿਆਂ ਹੋਇਆਂ ਵੀ ਜਾਣ ਬੁੱਝ ਕੇ ਅਗਿਆਨਤਾ ਦੇ ਮਾਰਗ ਨੂੰ ਹੀ ਚੁਣਦੇ ਹਨ:

ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾ ਹੀ॥ [19]

ਮਨੁੱਖ ਇਸ ਸੱਚ ਤੋਂ ਭਲੀ-ਭਾਂਤ ਜਾਣੂ ਹੈ ਕਿ "ਥੋਥੀ ਕਾਯਾ ਥੋਥੀ ਮਾਯਾ" ਪਰ ਫੇਰ ਵੀ ਮਨੁੱਖ ਮਾਇਆ ਨੂੰ ਪਾਉਣ ਲਈ ਬੇਚੈਨ ਰਹਿੰਦਾ ਹੈ। ਦਿਨ ਰਾਤ ਭੱਜ ਦੌੜ ਕਰਦਾ ਹੈ। ਮਾਇਆ ਪਿਛੇ ਲੱਗ ਕੇ ਅੱਜ ਮਨੁੱਖ ਹੋਰ ਕਿਸੇ ਦੀ ਪਰਵਾਹ ਨਹੀਂ ਕਰਦਾ ਅਤੇ ਆਪਣੇ ਨਿੱਜੀ ਸਵਾਰਥ ਲਈ ਉਹ ਰਸਾਤਲ ਤਕ ਪਹੁੰਚ ਗਿਆ ਹੈ। ਅਸੀਂ ਦੂਸਰੇ ਦੀ ਤਰੱਕੀ ਵਾਧਾ ਜਾਂ ਪੈਸਾ ਦੇਖਕੇ ਖੁਸ਼ੀ ਨਹੀਂ ਮਨਾਉਂਦੇ ਸਗੋਂ ਸਾੜਾ ਕਰਦੇ ਤੇ ਦੁੱਖੀ ਰਹਿੰਦੇ ਹਾਂ। ਮਾਇਆ ਮਨੁੱਖ ਦੀ ਬੁੱਧੀ ਨੂੰ ਮਲੀਨ ਕਰ ਦਿੰਦੀ ਹੈ, ਫਿਰ ਉਸ ਨੂੰ ਆਪਣੇ ਅੰਦਰ ਵਸਦੇ ਪ੍ਰਭੂ ਦਾ ਬੋਧ ਨਹੀਂ ਹੋ ਸਕਦਾ। ਰਵਿਦਾਸ ਨੇ ਮਾਇਆ ਨੂੰ ਛਲਾਵਾ ਦਸਦੇ ਹੋਏ ਇਸਨੂੰ ਫਨਖਾਨੇ (ਛਲ ਦਾ ਘਰ) ਕਿਹਾ ਹੈ। ਮਾਇਆ ਤੋਂ ਇਲਾਵਾ ਦੁੱਖ ਦਾ ਹੋਰ ਵੱਡਾ ਕਾਰਨ ਮਨੁੱਖ ਦੀ ਹਉਮੈ ਹੈ ਜੋ ਜੀਵਨ ਮੁਕਤੀ ਲਈ ਇਕ ਵੱਡੀ ਰੁਕਾਵਟ ਹੈ ਅਤੇ ਪਰਮਾਤਮਾ ਦੇ ਨਾਮ ਸਿਮਰਨ ਵਿੱਚ ਵੀ ਧਿਆਨ ਨਹੀਂ ਲਗਦਾ। ਰਵਿਦਾਸ ਨੇ ਸਾਰੇ ਜਗਤ ਵਿਚ ਪਰਮਾਤਮਾ ਦੀ ਹੋਂਦ ਆਖ ਕੇ ਜਗਤ ਪ੍ਰਤੀ ਇਕ ਨਵੀਂ ਭਾਵਨਾ ਦਾ ਸੰਚਾਰ ਕੀਤਾ ਹੈ :

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ। [20]

ਜਿਥੇ ਹੰਕਾਰ ਨਾ ਹੋਵੇ ਉਥੇ ਹੀ ਸੇਵਾ ਦੀ ਬਿਰਤੀ ਹੁੰਦੀ ਹੈ ਹਉਮੈ ਗ੍ਰਸਤ ਮਨੁੱਖ ਵਿੱਚ ਕਿਸੇ ਪ੍ਰਤੀ ਨਿਮਰਤਾ ਤੇ ਉਦਾਰਚਿਤ ਦੀ ਭਾਵਨਾ ਨਹੀਂ ਹੋ ਸਕਦੀ ਅਤੇ ਨਾ ਹੀ ਅਜਿਹਾ ਮਨੁੱਖ ਕਿਸੇ ਲੋੜਵੰਦ ਦੀ ਸਹਾਇਤਾ ਕਰ ਸਕਦਾ ਹੈ, ਖਾਸ ਕਰਕੇ ਅੱਜ ਦੇ ਜ਼ਮਾਨੇ ਵਿੱਚ ਕੋਈ ਕਿਸੇ ਦੀ ਜ਼ਰੂਰਤ ਦੀ ਪਰਵਾਹ ਨਹੀਂ ਕਰਦਾ ਤੇ ਨਾ ਆਪਣੀ ਕਮਾਈ ਵਿਚੋਂ ਥੋੜ੍ਹਾ ਹਿੱਸਾ ਲੋੜਵੰਦਾਂ ਨੂੰ ਦਿੰਦਾ ਹੈ। ਆਮ ਕਰਕੇ ਬੇਈਮਾਨੀ ਦੀ ਕਮਾਈ ਸਮਾਜ 'ਤੇ ਡਾਕਾ ਹੈ। ਉਸ ਸਮੇਂ ਰਵਿਦਾਸ ਨੇ ਬੇਲੋੜੀ ਮਾਇਆ ਜਾਂ ਸੰਪਤੀ ਨੂੰ ਜੋੜ ਕੇ ਰੱਖਣ ਦੀ ਨਿਖੇਧੀ ਕੀਤੀ। ਉਹ ਆਪਣੀ ਥੋੜ੍ਹੀ ਕਮਾਈ ਵਿਚੋਂ ਵੀ ਲੋੜਵੰਦਾਂ ਦੀ ਸਹਾਇਤਾ ਕਰਦੇ :

ਸੰਪਤਿ ਬਿਪਤਿ ਪਟਲ ਮਾਇਆ ਧਨੁ।

www.ignited.in

ਤਾ ਮਹਿ ਮਗਨ ਹੋਤ ਨਾ ਤੇਰੋ ਜਨੁ।[21]

ਭਗਤ ਰਵਿਦਾਸ ਨੇ ਆਪਣੀ ਬਾਣੀ ਵਿੱਚ ਦੁਖੀ ਅਤੇ ਗਰੀਬ ਮਨੁੱਖ ਨਾਲ ਹਮਦਰਦੀ ਵਾਲੀ ਭਾਵਨਾ ਪ੍ਰਗਟ ਕੀਤੀ ਹੈ ਕਿਉਂਕਿ ਭਾਈਚਾਰਕ ਪਿਆਰ ਤੇ ਹਮਦਰਦੀ ਨਾਲ ਸਮਾਜ ਵਿੱਚ ਵੀ ਪਿਆਰ ਤੇ ਹਮਦਰਦੀ ਵਾਲੀ ਭਾਵਨਾ ਵਧਦੀ ਹੈ। ਦੂਸਰਿਆਂ ਪ੍ਰਤੀ ਹਮਦਰਦੀ ਅਤੇ ਦੂਜੇ ਦਾ ਦਰਦ ਸਮਝ ਕੇ ਮਨੁੱਖ ਨੂੰ ਸ਼ਾਂਤੀ ਤੇ ਸੁੱਖ ਮਿਲਦਾ ਹੈ। ਅੱਜ ਕੱਲ ਦੇ ਸਮਾਜ ਵਿੱਚ ਬਿਲਕੁਲ ਉਲਟ ਹੈ। ਲੋਕ ਦੂਸਰੇ ਦੀ ਨਿੰਦਾ ਕਰਨ ਸਮੇਂ ਜਾਂ ਦਿਲ ਦੁਖਾਉਣ ਵੇਲੇ ਬਿਲਕੁਲ ਨਹੀਂ ਸੋਚਦੇ, ਉਨ੍ਹਾਂ ਦਾ ਹਰ ਕੰਮ ਨਿੱਜ ਤੱਕ ਹੀ ਹੁੰਦਾ ਹੈ, ਇਸੇ ਕਰਕੇ ਭਗਤ ਰਵਿਦਾਸ ਦੀਆਂ ਹੇਠ ਲਿਖੀਆਂ ਪੰਕਤੀਆਂ ਵਿਚਲੇ ਵਿਚਾਰ ਅੱਜ ਵੀ ਲੋੜੀਂਦੇ ਹਨ :

ਸੋ ਕਤ ਜਾਨੈ ਪੀਰ ਪਰਾਈ॥

ਜਾ ਕੈ ਅੰਤਰਿ ਦਰਦੁ ਨ ਪਾਈ॥[22]

ਦੂਸਰਿਆਂ ਦੇ ਦੁੱਖ ਦਰਦ ਨੂੰ ਆਪਣਾ ਸਮਝਦੇ ਹੋਏ ਸਮਾਜ ਵਿੱਚ ਨਿਮਰਤਾ ਹਮਦਰਦੀ ਤੇ ਸੱਚਾ ਪਿਆਰ ਕਰਨ ਨਾਲ ਹੀ ਮਨੁੱਖ ਨੂੰ ਸ਼ਾਂਤੀ ਮਿਲਦੀ ਹੈ ਪਰ ਅੱਜ ਕੱਲ ਸਭ ਪਾਸੇ ਧੋਖਾ ਹੀ ਨਜ਼ਰ ਆਉਂਦਾ ਹੈ। ਫਰੀਦ ਜੀ ਤਾਂ ਇਥੋਂ ਤੱਕ ਕਹਿੰਦੇ ਹਨ "ਜਿਨ ਮਨਿ ਹੋਰ ਮੁਖ ਹੋਰ ਸੇ ਕਾਢੇ ਕਚਿਆ" ਅਨੁਸਾਰ ਸਮਾਜ ਵਿੱਚ ਜਿਆਦਾਤਰ ਲੋਕਾਂ ਨੇ ਮਖੌਟੇ ਪਾਏ ਹੋਏ ਹਨ। ਉਪਰੋਂ ਮਿੱਤਰਤਾ ਦਿਖਾ ਕੇ ਅੰਦਰੋਂ ਛੁਰੀ ਚਲਾਉਂਦੇ ਹਨ ਅਜਿਹੇ ਵਿਅਕਤੀ ਸਮਾਜ ਦੇ ਦੁਸ਼ਮਨ ਹੁੰਦੇ ਹਨ, ਉਨ੍ਹਾਂ ਦੇ ਦਿਲਾਂ ਵਿੱਚ ਹਮਦਰਦੀ ਤੇ ਸੱਚਾ ਪਿਆਰ ਨਹੀਂ ਹੋ ਸਕਦਾ। ਰਵਿਦਾਸ ਇਸ ਦੋਗਲੀ ਬਿਰਤੀ ਨੂੰ ਨਕਾਰਦੇ ਹਨ:

ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ॥[23]

ਭਗਤ ਰਵਿਦਾਸ ਆਪ ਬਹੁਤ ਹੀ ਨਿਮਰ ਸੁਭਾਅ ਤੇ ਕਰਨੀ ਕਥਨੀ ਵਿੱਚ ਫਰਕ ਨਾ ਰੱਖਣ ਵਾਲੇ ਸਨ ਉਨ੍ਹਾਂ ਦਾ ਧਿਆਨ ਸ਼ੁਰੂ ਤੋਂ ਹੀ ਭਗਤੀ ਵਲ ਰੁਚਿਤ ਸੀ ਸੰਤਾਂ ਸਾਧੂਆਂ ਕੋਲ ਜਾ ਕੇ ਅਧਿਆਤਮਕ ਵਿਦਿਆ ਹਾਸਲ ਕਰਨ ਦੀ ਤੀਬਰ ਇੱਛਾ ਰੱਖਦੇ ਸਨ। ਆਪ ਨੇ ਮਨੁੱਖੀ ਜੀਵਨ ਵਿੱਚ ਕਿਰਤ ਕਰਮ ਕਰਦਿਆਂ ਪਾਰਗਾਮੀ ਸੱਚ ਦੀ ਭਾਲ ਵੱਲ ਸੰਕੇਤ ਕੀਤਾ ਕਿਉਂਕਿ ਲੋਕਾਂ ਨੂੰ ਵਸਨਾਵਾਂ ਨੇ ਲੁੱਟ ਲਿਆ ਹੈ ਜਿਸ ਕਰਕੇ ਪਰਮਾਤਮਾ ਦਾ ਨਾਮ ਹੀ ਕਲਯੁੱਗ ਵਿੱਚ ਮਨੁੱਖ ਦਾ ਇਕੋ ਇਕ ਆਧਾਰ ਹੈ ਇਸੇ ਕਰਕੇ ਆਪ ਨੇ ਦੰਭ, ਪਾਖੰਡ ਤੇ ਰੀਤੀਵਾਦ ਨੂੰ ਸੱਚੀ ਅਸਲੀਅਤ ਤੇ ਨਵੀਂ ਚੇਤਨਾ ਨਾਲੋਂ ਵਖਰਾ ਕੀਤਾ ਹੈ। ਆਪ ਨੇ ਆਡੰਬਰ ਛੱਡਣ ਤੇ ਆਤਮ ਸ਼ੁੱਧੀ, ਸਮਾਨਤਾ, ਮਨੁੱਖੀ ਏਕਤਾ, ਪਰਸਪਰ ਸਾਂਝ, ਪਿਆਰ, ਹੱਕ ਤੇ ਕਰਮ ਧਰਮ ਦੀ ਕਮਾਈ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਅਨੁਸਾਰ ਭ੍ਰਿਸ਼ਟ ਸਾਧਨਾਂ 'ਤੇ ਲੁੱਟ ਖਸੁੱਟ ਨਾਲ ਕਾਮਈ ਦੌਲਤ ਸਮਾਜ ਵਿੱਚ ਬੁਰਾਈਆਂ ਪੈਦਾ ਕਰਦੀ ਹੈ। ਅੱਜ ਵੱਧ ਤੋਂ ਵੱਧ ਦੌਲਤ ਕਮਾਉਣ ਦੇ ਨਜਾਇਜ਼ ਢੰਗ ਵਰਤੇ ਜਾ ਰਹੇ ਹਨ ਇਥੋਂ ਤੱਕ ਕਿ ਪੈਸਾ ਕਮਾਉਣ ਲਈ ਨੌਜਵਾਨਾਂ ਨੂੰ ਵੀ ਨਸ਼ਿਆਂ ਵੱਲ ਧੱਕਿਆ ਜਾ ਰਿਹਾ ਹੈ। ਨਸ਼ਿਆਂ ਕਾਰਨ ਕਤਲ ਤੇ ਹੋਰ ਗਲਤ ਕੰਮ ਹੁੰਦੇ ਹਨ ਤੇ ਸਮਾਜ ਗਰਕ ਹੁੰਦਾ ਜਾ ਰਿਹਾ ਹੈ। ਭਗਤ ਰਵਿਦਾਸ ਇਸ ਛਿਨ ਪਲ ਦੇ ਨਸ਼ੇ ਦੀ ਥਾਂ ਮਨੁੱਖਤਾ ਨੂੰ ਅਜਿਹਾ ਨਸ਼ਾ ਕਰਨ ਲਈ ਕਹਿੰਦੇ ਹਨ ਜੋ ਹਮੇਸ਼ਾ ਹੀ ਮਨੁੱਖ ਨੂੰ ਮਸਤ ਰੱਖੇ ਭਾਵ ਪ੍ਰਭੂ ਨਾਮ ਦਾ ਨਸ਼ਾ ਹੀ ਸਦੀਵੀ ਹੈ, ਦੁਨਿਆਵੀ ਨਸ਼ੇ ਤਾਂ ਚੜਦੇ ਉਤਰਦੇ ਰਹਿੰਦੇ ਹਨ। ਇਸੇ ਕਰਕੇ ਆਪ ਸ਼ਰਾਬ ਨੋਸ਼ੀ ਤੋਂ ਵਰਜਦੇ ਹਨ ਉਨ੍ਹਾਂ ਅਨੁਸਾਰ ਸ਼ਰਾਬ ਤਾਂ ਸ਼ਰਾਬ ਹੀ ਹੈ ਚਾਹੇ ਉਹ ਗੰਗਾ ਜਲ ਦੀ ਹੀ ਬਣੀ ਹੋਵੇ। ਆਪ ਦਾ ਕਥਨ ਹੈ :

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀਂ ਪਾਨੰ॥

ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥[24]

ਪਰ ਅਜਕਲ ਮਨੁੱਖ ਅਜਿਹੇ ਐਬਾਂ ਵਿੱਚ ਫਸੇ ਹੋਏ ਹਨ ਕਿ ਉਨ੍ਹਾਂ ਦੀ ਬੁੱਧੀ ਵੀ ਉਨ੍ਹਾਂ ਦਾ ਸਾਥ ਨਹੀਂ ਦਿੰਦੀ ਤੇ ਅਜਿਹੀ ਅਵਿਦਿਆ ਕਾਰਨ ਉਹ ਆਪਣਾ ਦੁਲੱਭ ਮਨੁੱਖੀ ਜੀਵਨ ਅੰਜਾਈ ਗਵਾਉਂਦੇ ਹਨ ਇਥੇ ਰਵਿਦਾਸ ਦੀਆਂ ਇਹ ਪੰਕਤੀਆਂ ਬਿਲਕੁਲ ਢੁਕਦੀਆਂ ਹਨ :

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥

ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥

ਮਾਧੋ ਅਬਿਦਿਆ ਹਿਤ ਕੀਨ॥

ਬਿਬੇਕ ਦੀਪ ਮਲੀਨ॥[25]

ਭਗਤ ਰਵਿਦਾਸ ਫਰਮਾਉਂਦੇ ਹਨ ਕਿ ਹਿਰਨ, ਮੱਛਲੀ, ਭੌਰਾ, ਭਬੰਟ ਤੇ ਹਾਥੀ, ਪੰਜਾਂ ਦਾ ਵਿਨਾਸ਼ ਇਨ੍ਹਾਂ ਵਿੱਚ ਕਿਸੇ ਨਾ ਕਿਸੇ ਦੋਸ਼ (ਹਿਰਨ ਨੂੰ ਘੰਡੇ ਹੇੜੇ ਦਾ ਨਾਦ ਸੁਣਨ ਦਾ, ਮੱਛਲੀ ਨੂੰ ਜੀਭ ਦਾ, ਭੌਰੇ ਨੂੰ ਫੁੱਲ ਸੁੰਘਣ ਦਾ, ਭਬੰਟ ਨੂੰ ਦੀਵੇ ਉੱਤੇ ਸੜਨ ਮਰਨ ਦਾ ਅਤੇ ਹਾਥੀ ਨੂੰ ਕਾਮ ਦਾ ਚਸਕਾ ਹੁੰਦਾ ਹੈ) ਅਥਵਾ ਐਬ ਦੇ ਚਸਕੇ ਕਾਰਨ ਹੁੰਦਾ ਹੈ ਪਰ ਜਿਸ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਇਹ ਪੰਜ (ਅਸਾਧ) ਲਾਇਲਾਜ ਰੋਗ ਚੰਬੜੇ ਹੋਣ, ਉਸ ਦੇ ਜੀਉਣ ਦੀ ਕੀ ਆਸ ਹੈ ? ਹੇ ਪ੍ਰਭੂ ਜੀਵ ਦੇ ਅਗਿਆਨ ਕਰਕੇ ਉਨ੍ਹਾਂ ਦਾ ਵਿਵੇਕ ਰੁਪੀ ਦੀਵਾ ਮੈਲਾ ਜਾਂ ਧੁੰਧਲਾ ਹੁੰਦਾ ਜਾ ਰਿਹਾ ਹੈ। ਅਰਥਾਤ ਮਨੁੱਖ ਵਿਚੋਂ ਚੰਗੇ ਮੰਦੇ ਦੀ ਪਛਾਣ ਖਤਮ ਹੁੰਦੀ ਜਾ ਰਹੀ ਹੈ। ਇਸੇ ਲਈ ਆਪ ਮਨੁੱਖ ਨੂੰ ਕਾਮ ਕ੍ਰੋਧ ਮੋਹ ਤੇ ਤ੍ਰਿਸ਼ਨਾ ਤਿਆਗਣ ਲਈ ਕਹਿੰਦੇ ਹਨ:

ਕਾਮ ਕ੍ਰੋਧ ਹੰਕਾਰ ਨਿਵਾਰਉ, ਤ੍ਰਿਸ਼ਨਾ ਤਿਯਾਗਹੁ ਸੰਤ ਜਨਾ।[26]

ਤਾਂ ਕਿ ਮਨੁੱਖ ਚੰਗੇ ਕਰਮ ਕਰਦੇ ਹੋਏ ਆਪਣੀ ਸੁਰਤਿ ਉਸ ਪ੍ਰਭੂ ਨਾਲ ਜੋੜ ਸਕੇ ਤੇ ਆਪਣਾ ਹਿਰਦਾ ਸ਼ੁੱਧ ਤੇ ਪਵਿੱਤਰ ਕਰ ਸਕੇ।

ਉਪਰੋਕਤ ਪ੍ਰਸੰਗ ਵਿਚ ਅੰਤ 'ਤੇ ਅਸੀਂ ਆਖ ਸਕਦੇ ਹਾਂ ਕਿ "ਰਵਿਦਾਸ ਕਿਸੇ ਇਕ ਵਿਅਕਤੀ ਦਾ ਨਾਂ ਨਹੀਂ ਸਗੋਂ ਇਕ ਵਿਚਾਰਧਾਰਾ, ਇਕ ਜੀਵਨ ਪੱਧਤੀ, ਇਕ ਭਾਵਨਾ ਦਾ ਨਾਂ ਹੈ ਜੋ ਸੰਸਾਰ ਸਾਗਰ ਵਿਚ ਗੋਤੇ ਖਾ ਰਹੀ ਲੋਕਾਈ ਨੂੰ ਆਪਣੇ ਸਿੱਧੇ ਸਾਦੇ ਉਪਦੇਸ਼ਾਂ ਰਾਹੀਂ ਭਰਮ ਜਾਲ ਵਿਚੋਂ ਕੱਢ ਕੇ ਠੋਸ ਅਮਲੀ ਜੀਵਨ ਜੀਉਣ ਦਾ ਉਚੇਰਾ ਸੁਨੇਹਾ ਦੇਣ ਲਈ ਇਥੇ ਆਈ ਸੀ।"[26] ਆਪ ਦੀ ਬਾਣੀ ਅੰਦਰਲੀ ਹੀਣ ਭਾਵਨਾ ਨੂੰ ਨਕਾਰਦੀ ਹੈ, ਜਾਤ-ਪਾਤ ਤੋਂ ਉਪਰ ਉਠ ਮਨੁੱਖਤਾ ਦਾ ਕਲਿਆਣ ਮੰਗਦੀ ਹੈ। ਰਵਿਦਾਸ ਦੀ ਬਾਣੀ ਇਹ ਗੱਲ ਦ੍ਰਿੜ ਕਰਵਾਉਂਦੀ ਹੈ ਕਿ ਧਰਤੀ 'ਤੇ ਅਜਿਹੇ ਸਮਾਜ ਦਾ ਕਲਿਆਣ ਜ਼ਰੂਰੀ ਹੈ ਜਿਸ ਵਿੱਚ ਕਿਸੇ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਰਾਜਨਤਿਕ ਤੇ ਸਭਿਆਚਾਰਕ ਵਖਰੇਵਾਂ

www.ignited.in

ਨਾ ਹੋਵੇ ਸਗੋਂ ਮਨੁੱਖ ਖੁਸ਼ੀ-ਖੁਸ਼ੀ ਸੁਖਮਈ ਜੀਵਨ ਬਤੀਤ ਕਰਨ। ਮਨੁੱਖੀ ਸਮਾਜ ਹਰ ਪ੍ਰਕਾਰ ਦੇ ਦੁੱਖਾਂ ਕਲੇਸ਼ਾਂ ਤੇ ਤੰਗੀਆਂ ਤੋਂ ਮੁਕਤ ਹੋਵੇ। ਵਿਸ਼ੇਸ਼ ਰੂਪ ਵਿਚ ਆਪ ਭਾਰਤ ਦੀ ਦੱਬੀ, ਕੁਚਲੀ ਅਤੇ ਲਿਤਾੜੀ ਜਨਤਾ ਨੂੰ ਸਮਾਜਿਕ ਤੇ ਧਾਰਮਿਕ ਬੇ-ਇਨਸਾਫੀਆਂ ਤੋਂ ਨਿਜ਼ਾਤ ਦਿਵਾਉਣਾ ਚਾਹੁੰਦੇ ਸਨ। "ਰਵਿਦਾਸ ਬਾਣੀ ਪਾਰਲੌਕਿਕ ਹੋ ਕੇ ਵੀ ਲੌਕਿਕ ਪ੍ਰਸੰਗ ਵਿੱਚ ਪ੍ਰੇਰਣਾ ਦੇਣ ਦੀ ਸਮਰੱਥਾ ਰਖਦੀ ਹੈ। ਇਹ ਸਮਰਥਾ ਅੱਜ ਵੀ ਉਤਨੀ ਹੀ ਪ੍ਰਮਾਣਿਕ ਹੈ ਜਿਤਨੀ ਕਿ ਗੁਰੂ ਜੀ ਦੇ ਸਮੇਂ ਵਿੱਚ ਸੀ।"[27] ਭਗਤ ਰਵਿਦਾਸ ਨੇ ਦੱਬੀਆਂ, ਕੁਚਲੀਆਂ ਜਾਤੀਆਂ ਦੇ ਮਨੁੱਖਾਂ ਦੇ ਮਨਾਂ ਵਿਚੋਂ ਹੀਣ ਭਾਵਨਾ ਦੂਰ ਕੀਤੀ ਉਨ੍ਹਾਂ ਦੀ ਮਾਨਸਿਕਤਾ ਨੂੰ ਬਦਲ ਕੇ ਨਵੀਂ ਸਮਾਜਿਕ ਚੇਤਨਾ ਦੇ ਰਾਹ ਤੋਰਿਆ। ਇਸ ਚੇਤਨਾ ਨਾਲ ਨਾ ਕੇਵਲ ਉਸ ਸਮੇਂ ਦੇ ਸਮਾਜ ਦਾ ਹੀ ਕਲਿਆਣ ਹੋਇਆ ਸਗੋਂ ਅੱਜ ਵੀ ਉਨ੍ਹਾਂ ਦੇ ਸਮਾਜਿਕ ਮੁੱਲਾਂ ਦੀ ਪ੍ਰਸੰਗਿਕਤਾ ਬਣੀ ਹੋਈ ਹੈ।

**ਹਵਾਲੇ ਤੇ ਟਿੱਪਣੀਆਂ**

1. ਡਾ. ਰੋਸ਼ਨ ਲਾਲ ਅਹੂਜਾ, ਸਾਹਿਤ ਸ਼ਾਸਤਰ, ਹਿੰਦ ਪਬਲਿਸ਼ਰਜ, ਜਲੰਧਰ, 1967, ਪੰਨਾ-10.
2. ਗੁਰਦਿਆਲ ਸਿੰਘ ਫੁੱਲ, ਸਾਹਿਤ ਦੇ ਮੁੱਖ ਰੂਪ, ਨਿਊ ਬੁਕ ਕੰਪਨੀ ਜਲੰਧਰ, 1978, ਪੰਨਾ-8.
3. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977, ਪੰਨਾ-264.
4. ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਦੂਜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-419.
5. ਭਗਤ ਬਾਣੀ ਵਿਸ਼ੇਸ਼ ਅੰਕ, ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-88.
6. ਗੁਰੂ ਗ੍ਰੰਥ ਸਾਹਿਬ, ਪੰਨਾ-659.
7. ਉਹੀ, ਪੰਨਾ-1293.
8. ਪ੍ਰਿਥਵੀ ਸਿੰਘ ਆਜ਼ਾਦ, ਪਰਮ ਸੰਤ ਰਵਿਦਾਸ, ਭਗਤੀ ਕਾਵਿ ਅੰਕ, ਭਾਸ਼ਾ ਵਿਭਾਗ ਪੰਜਾਬ, 1970, ਪੰਨਾ-252.
9. ਗੁਰੂ ਗ੍ਰੰਥ ਸਾਹਿਬ, ਪੰਨਾ-345.
10. ਡਾ. ਮਨਮੋਹਨ ਸਿੰਘ, ਗੁਰੂ ਰਵਿਦਾਸ ਜੀਵਨ ਤੇ ਰਚਨਾ, ਮਨਦੀਪ ਪ੍ਰਕਾਸ਼ਨ ਦਿੱਲੀ, 1977, ਪੰਨਾ-24.
11. ਗੁਰੂ ਗ੍ਰੰਥ ਸਾਹਿਬ, ਪੰਨਾ-659.
12. ਉਹੀ, ਪੰਨਾ-658.
13. ਉਹੀ, ਪੰਨਾ-93.
14. ਉਹੀ, ਪੰਨਾ-1293
15. ਉਹੀ, ਪੰਨਾ-487.
16. ਉਹੀ, ਪੰਨਾ-658
17. ਉਹੀ, ਪੰਨਾ-973
18. ਉਹੀ, ਪੰਨਾ-487.
19. ਉਹੀ, ਪੰਨਾ-658.
20. ਪੰਨਾ-657.
21. ਗੁਰੂ ਗ੍ਰੰਥ ਸਾਹਿਬ, ਪੰਨਾ-487.
22. ਉਹੀ, ਪੰਨਾ-793.
23. ਉਹੀ, ਪੰਨਾ-658.
24. ਉਹੀ, ਪੰਨਾ-1293.
25. ਉਹੀ, ਪੰਨਾ-486.
26. ਡਾ. ਧਰਮਪਾਲ ਸਿੰਗਲ, ਗੁਰੂ ਰਵਿਦਾਸ ਜੀਵਨ ਤੇ ਵਿਚਾਰ, ਲੋਕ ਗੀਤ ਪ੍ਰਕਾਸ਼ਨ, ਜਲੰਧਰ, 1977, ਪੰਨਾ-42.
27. ਡਾ. ਅਮਰਜੀਤ ਸਿੰਘ ਕਾਂਗ, ਗੁਰੂ ਰਵਿਦਾਸ ਵਾਣੀ ਵਿਚਾਰ, (ਸੰਪਾ.) ਧਰਮਪਾਲ ਸਿੰਗਲ, ਅਮਰ ਗਿਆਨ ਪ੍ਰਕਾਸ਼ਨ, 1992, ਪੰਨਾ-56.

*ਸਹਾਇਕ ਪ੍ਰੋਫੈਸਰ,
ਪੰਜਾਬੀ ਵਿਭਾਗ,
ਪੋਸਟ ਗਰੈਜੂਏਟ ਸਰਕਾਰੀ ਕਾਲਜ,
ਸੈਕਟਰ 46, ਚੰਡੀਗੜ੍ਹ।

**Corresponding Author**

**Dr. Preet Inder Singh***

Department of Punjabi, Assistant Professor, Post Graduate Government College,Sector 46, Chandigarh.